**ਸੈਸ਼ਨ ਦਸੰਬਰ-2025 ਲਈ ਬੀ.ਏ.-1 ਦੇ ਪ੍ਰਾਈਵੇਟ ਵਿਦਿਆਰਥੀਆਂ ਲਈ ਆਨ-ਲਾਈਨ ਫਾਰਮ ਭਰਨ ਲਈ ਕੁਝ ਜਰੂਰੀ ਹਦਾਇਤਾਂ-**

1) ਪ੍ਰਾਈਵੇਟ ਵਿਦਿਆਰਥੀ ਆਪਣਾ ਆਨ-ਲਾਈਨ ਫਾਰਮ ਭਰਨ ਤੋਂ ਪਹਿਲਾਂ ਦਿੱਤੀਆਂ ਗਈਆਂ ਹਦਾਇਤਾਂ ਨੂੰ ਵੇਖ ਲਵੇ।
2) ਆਨ-ਲਾਈਨ ਫਾਰਮ ਵਿਚ ਦਿੱਤੇ ਗਏ ਹਰ ਕਾਲਮ ਨੂੰ ਧਿਆਨ ਨਾਲ ਪੜ ਕੇ ਭਰਿਆ ਜਾਵੇ।
3) ਆਨ-ਲਾਈਨ ਪੋਰਟਲ ਤੇ ਅੰਕਿਤ ਵਿਸਿਆਂ ਵਿਚੋ ਜੋ ਵਿਸੇ ਭਰੇ ਜਾਣਗੇ, ਨੂੰ ਧਿਆਨ ਨਾਲ ਵੇਖ ਕੇ ਹੀ ਭਰਿਆ ਜਾਵੇ ਕਿਉਂਜੋ ਸਮੈਸਟਰ-1 ਵਿਚ ਲਏ ਗਏ ਵਿਸੇ ਹੀ ਫਾਈਨਲ ਹੋਣਗੇ।
4) ਜਿੰਨਾ ਵਿਦਿਆਰਥੀਆਂ ਵਲੋਂ ਬਾਰਵੀਂ ਦੀ ਪ੍ਰੀਖਿਆ **ਸੀ.ਬੀ.ਐਸ.ਈ. ਬੋਰਡ ਜਾਂ ਕਿਸੇ ਹੋਰ ਬੋਰਡ** ਤੋਂ ਪਾਸ ਕੀਤੀ ਹੈ, ਉਹ ਵਿਦਿਆਰਥੀ ਵੈਰੀਫਿਕੇਸ਼ਨ ਲਈ ਆਪਣੇ ਫਾਰਮ ਦੇ ਨਾਲ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ ਲੈ ਕੇ ਆਉਣਗੇ। ਫੋਟੋਕਾਪੀ ਮਾਈਗ੍ਰੇਸ਼ਨ ਦੀ ਕਾਪੀ ਨਾਲ ਵੈਰੀਫਿਕੇਸ਼ਨ ਨਹੀਂ ਕੀਤੀ ਜਾਵੇਗੀ।
5) ਜਿੰਨਾ ਪ੍ਰਾਈਵੇਟ ਵਿਦਿਆਰਥੀਆਂ ਦੀ ਬਾਰਵੀਂ ਦੀ ਪ੍ਰੀਖਿਆ ਤਿੰਨ ਜਾਂ ਉਸ ਤੋਂ ਪਿਛਲੇ ਸਾਲਾਂ ਵਿਚ ਕੀਤੀ ਗਈ ਹੈ, ਉਹ ਵਿਦਿਆਰਥੀ ਵੈਰੀਫਿਕੇਸ਼ਨ ਸਮੇਂ ਆਪਣਾ ਗੈਪ ਪੀਰੀਅਡ ਸਬੰਧੀ ਇਕ **ਹਲਫੀਆ ਬਿਆਨ ਜਾਂ ਸਵੈ-ਘੋਸ਼ਣਾ** ਪੱਤਰ ਜਮਾਂ ਕਰਨਗੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਵੈਰੀਫਿਕੇਸ਼ਨ ਨਹੀਂ ਕੀਤੀ ਜਾਵੇਗੀ ਜਿਸ ਦੀ ਜਿੰਮੇਵਾਰੀ ਸਬੰਧਤ ਵਿਦਿਆਰਥੀ ਦੀ ਹੋਵੇਗੀ।
6) ਵੇਖਣ ਵਿਚ ਆਉਂਦਾ ਹੈ ਕਿ ਬਹੁਤ ਸਾਰੇ ਪ੍ਰਾਈਵੇਟ ਵਿਦਿਆਰਥੀ ਪੇਡੂ ਇਲਾਕਿਆ ਤੋਂ ਹੋਣ ਕਾਰਨ ਆਪਣਾ ਦਾਖਲਾ ਫਾਰਮ ਸਾਈਬਰ-ਕੈਫੇ (Cyber-café) ਵਾਲਿਆਂ ਤੋਂ ਭਰਵਾਉਂਦੇ ਹਨ। ਜਿੰਨਾ ਵਲੋਂ ਬਹੁਤੇ ਸਾਰੇ ਫਾਰਮਾਂ ਵਿਚ ਗਲਤ ਵਿਸੇ ਭਰ ਦਿੱਤੇ ਜਾਦੇ ਹਨ ਜਿੰਨਾ ਦਾ ਪ੍ਰਾਈਵੇਟ ਵਿਦਿਆਰਥੀਆਂ ਨੂੰ ਪਤਾ ਹੀ ਨਹੀ ਹੁੰਦਾ। ਇਸ ਲਈ ਜੇਕਰ ਸਾਇਬਰ-ਕੈਫੇ ਵਾਲੇ ਪ੍ਰਾਈਵੇਟ ਵਿਦਿਆਰਥੀਆਂ ਦਾ ਫਾਰਮ ਵੈਰੀਵਾਈ ਕਰਵਾਉਣ ਲਈ ਯੂਨੀਵਰਸਿਟੀ ਆਉਣ ਤਾਂ ਸਬੰਧਤ ਪ੍ਰਾਈਵੇਟ ਵਿਦਿਆਰਥੀ ਤੋਂ ਇਕ ਅਰਜੀ ਤੇ undertaking ਲੈ ਕੇ ਆਉਣ ਜਿਸ ਤੇ ਸਬੰਧਤ ਵਿਦਿਆਰਥੀ ਵਲੋਂ ਭਰੇ ਗਏ ਵਿਸੇ ਅਤੇ ਸਾਰੇ ਸੂਚਨਾ ਸਹੀ ਹੈ, ਬਾਰੇ ਅੰਕਿਤ ਹੋਵੇ।
7) ਬਹੁਤ ਸਾਰੇ ਪ੍ਰਾਈਵੇਟ ਵਿਦਿਆਰਥੀ ਆਪਣਾ ਦਾਖਲਾ ਫਾਰਮ ਡਾਕ ਰਾਹੀਂ ਭੇਜ ਦਿੰਦੇ ਹਨ, ਜਿੰਨਾ ਵਲੋਂ ਪੂਰੇ ਦਸਤਾਵੇਜ਼ ਨੱਥੀ ਨਹੀਂ ਕੀਤੇ ਜਾਦੇ। ਇਸ ਲਈ ਜਿੰਨਾ ਪ੍ਰਾਈਵੇਟ ਵਿਦਿਆਰਥੀਆਂ ਵਲੋਂ ਆਪਣੇ ਦਾਖਲਾ ਫਾਰਮ ਡਾਕ ਰਾਹੀਂ ਭੇਜਿਆ ਜਾਵੇਗਾ, ਉਹ ਵਿਦਿਆਰਥੀ ਆਪਣੇ ਦਾਖਲਾ ਫਾਰਮ ਦੇ ਨਾਲ ਬਾਰਵੀਂ ਸਰਟੀਫਿਕੇਟ ਦੀ ਅਸਲ ਡੀ.ਐਮ.ਸੀ. ਸਮੇਤ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ **(ਜੇਕਰ ਵਿਦਿਆਰਥੀ ਸੀ.ਬੀ.ਐਸ.ਈ. ਜਾਂ ਕਿਸੇ ਹੋਰ ਬੋਰਡ ਤੋ ਹੈ)** ਦੀ ਕਾਪੀ ਵੀ ਭੇਜਣਗੇ।

30/07/2025